pstcl
PUNJAB STATE TRANSMISSION CORPORATION LIMITED

**ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ**
**(ਰਜਿ: ਆਫਿਸ ਪੀ ਐਸ ਈ ਬੀ ਹੈੱਡ ਆਫਿਸ, ਦੀ ਮਾਲ, ਪਟਿਆਲਾ)**
**Corporate Identity No.U40109PB2010SGC033814 email: ao-wad-bs@pstcl.org**
**ਦ: ਲੇਖਾ ਅਫਸਰ/ਬਰਾਡਸ਼ੀਟ ਐਂਡ ਆਡਿਟ, ਪੀ.ਐਸ.ਟੀ.ਸੀ.ਐਲ., ਪਟਿਆਲਾ।**

ਵੱਲ

ਸਾਰੇ ਵਧੀਕ ਨਿਗ. ਇੰਜ/ਸੀ.ਕਾ.ਕਾ ਇੰਜ/ਲੇਖਾ ਅਫਸਰ/ ਡੀ.ਡੀ.ਓਜ਼,
ਅਧੀਨ ਪੀ.ਐਸ.ਟੀ.ਸੀ.ਐਲ।
ਮੀਮੋ ਨੰ 444 ਮਿਤੀ 25.06.2024

ਵਿਸ਼ਾ- **ਕਰਮਚਾਰੀਆਂ ਦੀ 50-55 ਸਾਲਾ ਸੇਵਾ ਆਡਿਟ ਕਰਵਾਉਣ ਅਤੇ ਰਿਟਾਇਰ ਹੋ ਰਹੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਸਮੇਂ ਸਿਰ ਆਡਿਟ ਸਕਰੂਟਨੀ ਹਿਤ ਭੇਜਣ ਸਬੰਧੀ।**

ਹਵਾਲਾ- **ਮੁੱਖ ਵਿੱਤ ਅਫਸਰ , ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ ਦੇ ਪੱਤਰ ਨੰ 18/56 ਮਿਤੀ 10.03.2021 ਅਤੇ ਲੇਖਾ ਅਫਸਰ /EAD ਦਾ memo no 401 ਮਿਤੀ 03.08.2023 ਦੀ ਲਗਾਤਾਰਤਾ ਵਿੱਚ।**

ਉਪਰੋਕਤ ਵਿਸ਼ੇ ਤੇ ਹਵਾਲਾ ਦਰਜ ਪੱਤਰ ਸਬੰਧੀ, ਆਪ ਜੀ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ 50/55 ਸਾਲ ਉਮਰ ਪੁੱਗਣ ਤੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਸਬੰਧਤ ਲੇਖਾ ਅਫਸਰ ਤੋਂ ਪ੍ਰੀ-ਆਡਿਟ ਕਰਵਾਈਆਂ ਜਾਣ ਅਤੇ ਰਿਟਾਇਰਮੈਂਟ ਦੀ ਮਿਤੀ ਤੋਂ ਘੱਟੋ-ਘੱਟ 3 ਮਹੀਨੇ ਪਹਿਲਾਂ ਇਸ ਦਫਤਰ ਨੂੰ ਆਡਿਟ ਸਕਰੂਟਨੀ ਹਿੱਤ ਭੇਜਣਾ ਯਕੀਨੀ ਬਣਾਇਆ ਜਾਵੇ। ਪਰ ਬਹੁਤ ਕੇਸਾਂ ਵਿੱਚ ਹਾਲੇ ਵੀ ਇਹ ਦੇਖਣ ਵਿੱਚ ਆਇਆਂ ਹੈ ਕਿ ਇਹਨਾਂ ਹਦਾਇਤਾਂ ਅਨੁਸਾਰ ਕਰਮਚਾਰੀ ਦੀ 50-55 ਸਾਲ ਉਮਰ ਪੁੱਗਣ ਤੇ ਸੇਵਾ ਪੱਤਰੀਆਂ ਸਬੰਧਤ ਲੇਖਾ ਅਫਸਰ ਪਾਸੋਂ ਆਡਿਟ ਨਹੀ ਕਰਵਾਈਆਂ ਜਾ ਰਹੀਆਂ ,ਜਿਸ ਕਾਰਣ ਸੇਵਾ ਪੱਤਰੀਆਂ ਫਾਇਨਲ ਆਡਿਟ ਕਰਨ ਸਮੇਂ, ਜੋ ਤਰੁੱਟੀਆਂ 50-55 ਸਾਲ ਉਮਰ ਪੁੱਗਣ ਤੇ ਆਡਿਟ ਦੌਰਾਨ ਦੂਰ ਹੋ ਸਕਦੀਆਂ ਸਨ ਉਹ ਇਤਰਾਜ ਇਸ ਦਫਤਰ ਵੱਲੋਂ ਰਿਟਾਇਰਮੈਂਟ ਦੇ ਸਮੇਂ ਆਡਿਟ ਦੌਰਾਨ ਲਗਾਏ ਜਾਂਦੇ ਹਨ, ਜਿਸ ਨਾਲ ਸੇਵਾ ਪੱਤਰੀ ਆਡਿਟ ਕਰਨ ਵਿੱਚ ਬੇਲੋੜੀ ਦੇਰੀ ਹੁੰਦੀ ਹੈ।

ਉਪਰੋਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਕਾਰਨ , ਕਰਮਚਾਰੀਆਂ ਨੂੰ ਰਿਟਾਇਰਮੈਂਟ ਹੋਣ ਤੇ ਬਿਨਾਂ ਵਜਾ ਪੈਨਸ਼ਨਰੀ ਬੈਨਿਫਿਟ ਲੈਣ ਵਿੱਚ ਦੇਰੀ ਦਾ ਸਾਹਮਣਾ ਕਰਨਾ ਪੈਂਦਾਂ ਹੈ ਜੋ ਕਿ ਸਹੀ ਨਹੀ ਹੈ ਅਤੇ ਇਸਨੂੰ ਉੱਚ ਅਧਿਕਾਰੀਆਂ ਨੇ ਬੜੀ ਗੰਭੀਰਤਾ ਨਾਲ ਲਿਆ ਹੈ। ਇਸ ਲਈ ਆਪ ਜੀ ਨੂੰ ਮੁੜ ਲਿਖਿਆ ਜਾਦਾ ਹੈ ਕਿ ਰਿਟਾਇਰ ਹੋ ਰਹੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ( 50-55 ਸਾਲ ਉਮਰ ਪੁੱਗਣ ਤੇ ਸਬੰਧਤ ਲੇਖਾ ਅਫਸਰ ਪਾਸੋਂ ਆਡਿਟ ਕਰਵਾਉਣ ਉਪਰੰਤ) ਸਮੇ ਸਿਰ ਪੂਰੀ ਤਰਾਂ ਮੁਕੰਮਲ ਕਰਨ ਉਪਰੰਤ ਰਿਟਾਇਰਮੈਂਟ ਦੀ ਮਿਤੀ ਤੋਂ ਘੱਟੋ ਘੱਟ 3 ਮਹੀਨੇ ਪਹਿਲਾਂ ਇਸ ਦਫਤਰ ਨੂੰ ਭੇਜੀਆਂ ਜਾਣ ਤਾ ਜੋ ਕਰਮਚਾਰੀਆਂ ਦੇ ਪੈਨਸ਼ਨਰੀ ਬੈਨਿਫਿਟ ਸਮੇਂ ਸਿਰ ਮਿਲ ਸਕਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਰਮਚਾਰੀ ਦੇ ਪੈਨਸ਼ਨ ਕੇਸ ਵਿੱਚ ਹੋਣ ਵਾਲੀ ਦੇਰੀ ਦੀ ਜਿੰਮੇਵਾਰੀ ਆਪ ਜੀ ਦੇ ਦਫਤਰ ਦੀ ਹੋਵੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ ।

ਲੇਖਾ ਅਫਸਰ/ਈ.ਏ.ਡੀ.
ਪੀ.ਐਸ.ਟੀ.ਸੀ.ਐਲ , ਪਟਿਆਲਾ

ਸੀ.ਸੀ-

1) ਓ.ਐਸ.ਡੀ ਟੂ ਡਾਇਰੈਕਟਰ /ਵਿੱਤ ਅਤੇ ਵਣਜ ਨੂੰ ਮਾਣਯੋਗ ਡਾਇਰੈਕਟਰ ਵਿੱਤ ਅਤੇ ਵਣਜ ਜੀ ਦੀ ਸੂਚਨਾ ਹਿੱਤ।
2) ਪ੍ਰਮੁੱਖ ਇੰਜ./ ਪੀ ਅਤੇ ਐਮ ਪੀ.ਐਸ.ਟੀ.ਸੀ.ਐਲ, ਲੁਧਿਆਣਾ ।
3) ਪ੍ਰਮੁੱਖ ਇੰਜ . ਐਚ.ਆਰ ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
4) ਮੁੱਖ ਇੰਜ /ਟੀ.ਐਸ, ਪੀ.ਐਸ.ਟੀ.,ਸੀ.ਐਲ, ਪਟਿਆਲਾ।
5) ਮੁੱਖ ਇੰਜ./ ਐਸ.ਐਲ.ਡੀ.ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
6) ਮੁੱਖ ਲੇਖਾ ਅਫਸਰ / ਵਿੱਤ ਅਤੇ ਆਡਿਟ , ਪੀ.ਐਸ.ਟੀ.ਸੀ.ਐਲ, ਪਟਿਆਲਾ।
7) ਕੰਪਨੀ ਸੈਕਟਰੀ , ਪੀ.ਐਸ.ਟੀ.ਸੀ.ਐਲ, ਪਟਿਆਲਾ।